**ਦਿਮਾਗ ਜਾਣਕਾਰੀ ਕਿਵੇਂ ਹਾਸਲ ਕਰਦਾ ਹੈ, ਇਸ ਨੂੰ ਤਰਤੀਬ ਕਿਵੇਂ ਦਿੰਦਾ ਹੈ, ਕਿਵੇਂ ਸਮਝਦਾ ਹੈ,ਜਾਂ ਕਿਵੇਂ ਵਰਤਦਾ ਹੈ, ਇਸ ਕਾਰਵਾਈ ਵਿੱਚ ਕੋਈ ਮੁਸ਼ਕਲ ਆਉਣ ਨੂੰ ਸਿਖਲਾਈ ਵਿੱਚ ਅਯੋਗਤਾ (learning disability) ਆਖਿਆ ਜਾਂਦਾ ਹੈ।**

## ਵਧੇਰੇ ਵੇਰਵਾ

### ਸਿਖਲਾਈ ਵਿੱਚ ਅਯੋਗਤਾ:

- ਉਨ੍ਹਾਂ ਵਿਅਕਤੀਆਂ ਵਿੱਚ ਹੁੰਦੀ ਹੈ ਜਿਨ੍ਹਾਂ ਵਿੱਚ ਔਸਤ ਤੋਂ ਲੈ ਕੇ ਔਸਤ ਤੋਂ ਉੱਪਰਲੇ ਪੱਧਰ ਤਕ ਬੁੱਧੀ ਹੁੰਦੀ ਹੈ।

- ਇਸ ਦਾ ਅਸਰ ਹੋ ਸਕਦਾ ਹੈ:
  - ਪੜ੍ਹਾਈ ਤੇ
  - ਬੋਲਣ ਤੇ
  - ਸਮਝ ਤੇ
  - ਲਿਖਣ ਤੇ
  - ਹਿਸਾਬ ਤੇ
  - ਬਾਕਾਇਦਗੀ ਨਾਲ ਰਹਿਣ ਤੇ
  - ਸਮਾਜਿਕ ਮੇਲ-ਮਿਲਾਪ ਤੇ

- ਸਿਖਲਾਈ ਵਿੱਚ ਅਯੋਗਤਾਵਾਂ *ਅਦਿੱਖ* ਅਯੋਗਤਾਵਾਂ ਹੁੰਦੀਆਂ ਹਨ (ਤੁਸੀਂ ਕਿਸੇ ਨੂੰ ਵੇਖ ਕੇ ਦੱਸ ਨਹੀਂ ਸਕਦੇ ਕਿ ਉਸ ਵਿਅਕਤੀ ਵਿੱਚ ਸਿਖਲਾਈ ਵਿਚਲੀਆਂ ਅਯੋਗਤਾਵਾਂ ਮੌਜੂਦ ਹਨ)



- ਲਗਭਗ 5-8% ਆਬਾਦੀ ਵਿੱਚ ਸਿਖਲਾਈ ਵਿਚਲੀਆਂ ਅਯੋਗਤਾਵਾਂ ਮੌਜੂਦ ਹੁੰਦੀਆਂ ਹਨ।

### ਸਿਖਲਾਈ ਵਿੱਚ ਅਯੋਗਤਾਵਾਂ ਰੱਖਣ ਵਾਲੇ ਵਿਅਕਤੀ ਵੀ ਕਾਮਯਾਬ ਹੋ ਸਕਦੇ ਹਨ:

- ਜਦੋਂ ਉਨ੍ਹਾਂ ਨੂੰ ਪਤਾ ਹੋਵੇ ਕਿ ਉਨ੍ਹਾ ਨੂੰ ਕਿਹੜੀ ਮੁਸ਼ਕਲ ਪੇਸ਼ ਹੈ
- ਜਦੋਂ ਉਨ੍ਹਾਂ ਨੂੰ ਪਤਾ ਹੋਵੇ ਕਿ ਕਿਸ ਖੇਤਰ ਵਿੱਚ ਉਹ ਚੰਗੀ ਕਾਰਗੁਜ਼ਾਰੀ ਵਿਖਾ ਸਕਦੇ ਹਨ
- ਜਦੋਂ ਉਹ ਢੁਕਵੇਂ ਗੁਣ ਵਿਕਸਤ ਕਰ ਲੈਣ
- ਜਦੋਂ ਉਨ੍ਹਾਂ ਨੂੰ ਪਤਾ ਹੋਵੇ ਕਿ ਕਿਹੜੀ ਗੱਲ ਸਹਾਈ ਹੋਵੇਗੀ
- ਜਦੋਂ ਉਹ ਮਦਦ ਮੰਗਣ ਅਤੇ ਮਦਦ ਦਿੱਤੀ ਜਾਵੇ



**ਸਿਖਲਾਈ ਵਿੱਚ ਅਯੋਗਤਾਵਾਂ ਤੋਂ ਇਲਾਵਾ ਵੀ ਹੋਰ ਕਾਰਣ ਹਨ ਜਿਹੜੇ ਬੱਚਿਆਂ ਨੂੰ ਸਕੂਲ ਵਿਖੇ ਸਿਖਲਾਈ ਹਾਸਲ ਕਰਨ, ਵਰਤਾਰੇ ਵਿੱਚ, ਅਤੇ ਸ਼ਮੂਲੀਅਤ ਕਰਨ ਵਿੱਚ ਮੁਸ਼ਕਲ ਪੈਦਾ ਕਰਦੇ ਹਨ।**

### ਇਨ੍ਹਾਂ ਵਿੱਚੋਂ ਕਈ ਹਨ:

- ਨਿਰਾਸ਼ਾ, ਬੇਚੈਨੀ, ਉਦਾਸੀ ਜਾਂ ਡਰ ਦਾ ਅਹਿਸਾਸ
- ਮੈਡੀਕਲ ਸਮੱਸਿਆਵਾਂ, ਬਿਮਾਰ, ਭੁੱਖੇ ਜਾਂ ਥੱਕੇ ਹੋਏ ਮਹਿਸੂਸ ਕਰਨਾ
- ਘਰ ਵਿੱਚ ਸਮੱਸਿਆਵਾਂ ਜਾਂ ਹੋਰ ਦੋਸਤਾਂ ਨਾਲ ਸਮੱਸਿਆਵਾਂ
- ਧਿਆਨ ਲਾਉਣ ਵਿੱਚ ਮੁਸ਼ਕਲ ਆਉਣਾ ਜਾਂ ਧਿਆਨ ਉਖੜਿਆ ਰਹਿਣਾ
- ਡਾਕਟਰ ਵੱਲੋਂ ਦਿੱਤੀਆਂ ਦਵਾਈਆਂ, ਨਸ਼ੇ ਵਾਲੀਆਂ ਦਵਾਈਆਂ ਜਾਂ ਸ਼ਰਾਬ ਦੀ ਵਰਤੋਂ ਕਰਨੀ




### ਆਪਣੇ ਬੱਚੇ ਦੀ ਮਦਦ ਕਰਨ ਲਈ ਮਾਪੇ ਕੀ ਕਰ ਸਕਦੇ ਹਨ:

- ਲੋੜ ਪੈਣ ਤੇ ਉਹ ਕਮਿਊਨਿਟੀ ਏਜੰਸੀਆਂ ਜਾਂ ਹੋਰ ਮਾਂ-ਬਾਪ ਰਾਹੀਂ ਆਪਣੇ ਲਈ ਹਿਮਾਇਤ ਹਾਸਲ ਕਰ ਸਕਦੇ ਹਨ (ਵਿਅਕਤੀਗਤ ਤੌਰ ਤੇ ਜਾਂ ਹਿਮਾਇਤੀ ਗਰੁੱਪਾਂ ਦੇ ਜ਼ਰੀਏ)



- ਸਕੂਲ ਵਿਖੇ ਉਪਲਬਧ ਵਿਸ਼ੇਸ਼ ਵਿਦਿਅਕ ਸੇਵਾਵਾਂ ਬਾਰੇ ਪਤਾ ਕਰ ਕੇ
- ਸਕੂਲ ਵਿਖੇ ਸਿਖਲਾਈ ਵਿੱਚ ਅਯੋਗਤਾਵਾਂ ਵਾਲੇ ਆਪਣੇ ਬੱਚੇ ਲਈ ਹਿਮਾਇਤ ਹਾਸਲ ਕਰਨ ਅਤੇ ਮੁਹੱਈਆ ਕੀਤੀਆਂ ਗਈਆਂ ਸਹੂਲਤਾਂ ਬਾਰੇ ਆਪਣੇ ਕਾਨੂੰਨੀ ਹੱਕਾਂ ਨੂੰ ਸਮਝ ਕੇ
- ਹੇਠ ਲਿਖੇ ਤਰੀਕਿਆਂ ਨਾਲ ਵਿਦਿਅਕ ਯੋਜਨਾਬੰਦੀ ਵਿੱਚ ਹਿੱਸਾ ਲੈ ਕੇ:
  - ਉਨ੍ਹਾਂ ਲੋਕਾਂ ਬਾਰੇ ਜਾਣਕਾਰੀ ਹਾਸਲ ਕਰ ਕੇ ਜਿਹੜੇ ਫੈਸਲੇ ਕਰਦੇ ਹਨ
  - ਸਕੂਲਾਂ, ਡਾਕਟਰਾਂ ਤੋਂ ਮਿਲੀਆਂ ਰਿਪੋਰਟਾਂ ਦਾ ਲੇਖਾ ਰੱਖ ਕੇ
  - ਸਿਖਲਾਈ ਵਿੱਚ ਅਯੋਗਤਾਵਾਂ ਬਾਰੇ ਅਤੇ ਆਪਣੇ ਬੱਚੇ ਬਾਰੇ ਜਾਣਕਾਰੀ ਇਕੱਠੀ ਕਰ ਕੇ
  - ਆਪਣੇ ਬੱਚੇ ਦੇ ਚੰਗੇ ਗੁਣਾਂ ਅਤੇ ਦਿਲਚਸਪੀਆਂ ਬਾਰੇ ਸਕੂਲ ਨੂੰ ਦੱਸ ਕੇ
  - ਹੱਲ ਲੱਭਣ ਦੀ ਲੋੜ ਤੇ ਜ਼ੋਰ ਦੇ ਕੇ



ਕਿਰਪਾ ਕਰ ਕੇ ਪੰਨਾ ਪਲਟੋ →

- ਆਪਣੇ ਬੱਚੇ ਨੂੰ ਅਜਿਹੀਆਂ ਗਤੀਵਿਧੀਆਂ ਵਿੱਚ ਸ਼ਾਮਲ ਕਰਨ ਜੋ ਉਸ ਦਾ ਆਪਣੇ ਹੱਕ ਵਿੱਚ ਗੱਲ ਕਹਿਣ ਦਾ ਹੁਨਰ ਵਿਕਸਤ ਕਰ ਸਕਣ।
- ਸਿਖਲਾਈ ਵਿੱਚ ਬੱਚੇ ਦੀ ਅਯੋਗਤਾ ਅਤੇ ਇਸ ਦੇ ਅਸਰਾਂ ਨੂੰ ਸਮਝ ਕੇ
- ਆਪਣੇ ਬੱਚੇ ਦੀ ਸਿਖਲਾਈ ਵਿੱਚ ਉਸ ਦੀ ਅਯੋਗਤਾ ਦੀ ਪਛਾਣ ਕਰਨ ਵਿੱਚ ਮਦਦ ਕਰ ਕੇ
- ਆਪਣੇ ਬੱਚੇ ਦੀ ਉਨ੍ਹਾਂ ਖੇਤਰਾਂ ਦੀ ਪਹਿਚਾਣ ਕਰਨ ਵਿੱਚ ਮਦਦ ਕਰ ਕੇ ਜਿਨ੍ਹਾਂ ਵਿੱਚ ਉਹ ਹੁਸ਼ਿਆਰ ਅਤੇ ਕਾਬਿਲ ਹੈ
- ਜਿਨ੍ਹਾਂ ਖੇਤਰਾਂ ਵਿੱਚ ਬੱਚਾ ਹੁਸ਼ਿਆਰ ਹੈ, ਉਨ੍ਹਾਂ ਖੇਤਰਾਂ ਵਿੱਚ ਹੋਰ ਚੰਗੀ ਕਾਰਗੁਜ਼ਾਰੀ ਵਿਖਾਉਣ ਵਿੱਚ ਆਪਣੇ ਬੱਚੇ ਦੀ ਮਦਦ ਕਰ ਕੇ
- ਆਪਣੇ ਬੱਚੇ ਦੇ ਵਿਕਾਸ ਅਤੇ ਸਿਖਲਾਈ ਨੂੰ ਉਤਸ਼ਾਹਿਤ ਕਰ ਕੇ, ਬੇਸ਼ਕ ਇਹ ਬਾਕੀਆਂ ਨਾਲੋਂ ਹੌਲੀ ਹੀ ਕਿਉਂ ਨਾ ਹੋਵੇ
- ਸਿਖਲਾਈ ਵਿੱਚ ਅਯੋਗਤਾ ਦੀ ਕਿਸਮ ਅਤੇ ਹੱਦ ਨੂੰ ਧਿਆਨ ਵਿੱਚ ਰੱਖਦਿਆਂ ਆਪਣੇ ਬੱਚੇ ਪ੍ਰਤੀ ਆਸਾਂ-ਉਮੀਦਾਂ ਨੂੰ ਹਾਲਾਤ ਮੁਤਾਬਕ ਢਾਲ ਕੇ
- ਸਕੂਲ ਵਿੱਚ ਜਾਂ ਆਪਣੇ ਹਾਣੀਆਂ ਨਾਲ ਆਪਣੇ ਔਖੇ ਤਜਰਬਿਆਂ ਬਾਰੇ ਗੱਲ ਕਰਨ ਲਈ ਆਪਣੇ ਬੱਚੇ ਨੂੰ ਉਤਸ਼ਾਹਿਤ ਕਰ ਕੇ
- ਸਿਖਲਾਈ ਵਿੱਚ ਅਯੋਗਤਾ ਵਾਲੇ ਕਿਸੇ ਬੱਚੇ ਨੂੰ ਇਹ ਸੁਨੇਹਾ ਦੇਣ ਵਿੱਚ ਸੁਚੇਤ ਰਹਿ ਕੇ ਕਿ ਕਾਮਯਾਬੀ ਦੀ ਗੁੰਜਾਇਸ਼ ਮੌਜੂਦ ਹੈ
- ਹੁਨਰਾਂ ਦੇ ਵਿਕਾਸ ਲਈ ਅਭਿਆਸ ਨੂੰ ਉਤਸ਼ਾਹਿਤ ਕਰ ਕੇ
- ਉਨ੍ਹਾਂ ਦੀ ਸਖ਼ਤ ਮਿਹਨਤ ਅਤੇ ਯਤਨ ਲਈ ਵਾਜਿਬ ਪ੍ਰਸ਼ੰਸਾ ਕਰ ਕੇ



## ਸਕੂਲ, ਕਮਿਉਨਿਟੀ ਅਦਾਰੇ ਜਾਂ ਡਾਕਟਰ ਨਾਲ ਗੱਲ ਕਰੋ:

- ਜੇ ਕਰ ਬੱਚੇ/ ਯੁਵਕ ਨਾਲ ਧੱਕੜ ਰਵੱਈਆ ਵਰਤਿਆ ਜਾ ਰਿਹਾ ਹੋਵੇ
- ਜੇ ਸਕੂਲ ਦਾ ਪ੍ਰੋਗਰਾਮ ਉਸ ਦੀਆਂ ਲੋੜਾਂ ਪੂਰੀਆਂ ਨਾ ਕਰ ਰਿਹਾ ਹੋਵੇ
- ਜੇ ਬੱਚੇ/ ਯੁਵਕ ਨੂੰ ਹੋਮਵਰਕ ਲਈ ਮਦਦ ਦੀ ਲੋੜ ਹੋਵੇ
- ਜੇ ਬੱਚੇ/ ਯੁਵਕ ਨੂੰ ਮਾਨਸਿਕ ਸਿਹਤ ਸਹਾਰੇ ਦੀ ਲੋੜ ਹੋਵੇ (ਉਦਾਸੀ ਰੋਗ ਜਾਂ ਡਿਪਰੈਸ਼ਨ, ਬੇਚੈਨੀ, ਆਪਣੇ ਆਪ ਨੂੰ ਨੁਕਸਾਨ ਪਹੁੰਚਾ ਲੈਣ ਦੇ ਖ਼ਤਰੇ ਕਾਰਣ)



## ਸਿਖਲਾਈ ਵਿੱਚ ਅਯੋਗਤਾਵਾਂ ਨਾਲ ਸਿੱਝਣ ਵਿੱਚ ਮਦਦ ਪੇਸ਼ ਕਰਨ ਵਾਲੇ ਕਮਿਉਨਿਟੀ ਅਦਾਰੇ

**ਇੰਟੀਗਰਾ**
416-486-8055
info@integra.on.ca
www.integra.on.ca
25 Imperial Street,
4TH Floor
Toronto, ON M5P1B9

INTEGRA

**ਲਰਨਿੰਗ ਡਿਸਅਬਿਲਿਟੀਜ਼ ਐਸੋਸੀਏਸ਼ਨ ਆਫ਼ ਟੋਰੰਟੋ ਡਿਸਟ੍ਰਿਕਟ**
416-229-1680 ਜਾਂ 416-229-9046
admin@ldatd.on.ca
www.ldatd.on.ca
121 Willowdale Ave.
# 203
Toronto, ON M2N 6A3

Learning disAbilities Associations
Toronto District Chapter

The Integra Resource Centre

# ਸਿਖਲਾਈ ਵਿੱਚ ਅਯੋਗਤਾ ਕੀ ਹੁੰਦੀ ਹੈ

## ਬੱਚਿਆਂ ਅਤੇ ਯੁਵਕਾਂ ਦੀ ਮਦਦ ਤੇ



THE ONTARIO TRILLIUM FOUNDATION
LA FONDATION TRILLIUM DE L'ONTARIO